# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਬਾਰ੍ਹਵਾਂ ਸਮਾਗਮ

-----------

## ਕਾਰਜ ਸੂਚੀ

13 ਅਪ੍ਰੈਲ 2026

11:00 ਵਜੇ ਪੂਰਵ ਦੁਪਹਿਰ

-----------

1. <u>ਅਕਾਲ ਚਲਾਣਿਆਂ ਦਾ ਵਰਣਨ</u>

(1) **ਨਿਮਨਲਿਖਤ ਅਕਾਲ ਚਲਾਣਿਆਂ** ਦਾ ਵਰਣਨ ਕੀਤਾ ਜਾਵੇਗਾ-

i. ਸਰਦਾਰ ਲਾਲ ਸਿੰਘ, ਸਾਬਕਾ ਮੰਤਰੀ, ਪੰਜਾਬ;

ii. ਮਥੁਰਾ ਵਿਖੇ ਇੱਕ ਹਾਦਸੇ ਵਿੱਚ ਮਾਰੇ ਗਏ ਸ਼ਰਧਾਲੂ; ਅਤੇ

iii. ਕਾਂਗੜਾ ਵਿਖੇ ਇੱਕ ਹਾਦਸੇ ਵਿੱਚ ਮਾਰੇ ਗਏ ਸ਼ਰਧਾਲੂ।

2. <u>ਨਿਯਮ 16 ਅਧੀਨ ਪ੍ਰਸਤਾਵ</u>

(1) **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ ।

3. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ -ਪੱਤਰ</u>

(1) **ਇੱਕ ਮੰਤਰੀ** ਨੋਟੀਫਿਕੇਸ਼ਨ ਨੰ. ਜੀ.ਐਸ.ਆਰ.139/ਸੀ.ਏ 67/1957/ਐਸ.ਐਸ. 15 ਅਤੇ 9ਬੀ/2025, ਮਿਤੀ 28.7.2025 ਜਿਸ ਵਿੱਚ ਪੰਜਾਬ ਜ਼ਿਲ੍ਹਾ ਖਣਿਜ ਫਾਊਂਡੇਸ਼ਨ ਨਿਯਮ, 2025 ਸ਼ਾਮਲ ਹੈ, ਨੂੰ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਖਾਣਾਂ ਅਤੇ ਖਣਿਜ ਪਦਾਰਥ (ਵਿਕਾਸ ਅਤੇ ਵਿਨਿਯਮਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ. 67) ਦੀ ਧਾਰਾ 28 (3) ਅਧੀਨ ਲੋੜੀਂਦਾ ਹੈ ।

(2) **ਇੱਕ ਮੰਤਰੀ** ਨੋਟੀਫਿਕੇਸ਼ਨ ਨੰ. ਜੀ.ਐਸ.ਆਰ.158/ਸੀ.ਏ 67/1957/ਐਸ.15/2025, ਮਿਤੀ 10.9.2025 ਜਿਸ ਵਿੱਚ ਪੰਜਾਬ ਰਾਜ ਖਣਿਜ ਖੋਜ ਟਰੱਸਟ ਨਿਯਮ, 2025 ਸ਼ਾਮਲ ਹੈ, ਨੂੰ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਖਾਣਾਂ ਅਤੇ ਖਣਿਜ ਪਦਾਰਥ (ਵਿਕਾਸ ਅਤੇ ਵਿਨਿਯਮਨ) ਐਕਟ, 1957 (1957 ਦਾ ਕੇਂਦਰੀ ਐਕਟ ਨੰ. 67) ਦੀ ਧਾਰਾ 28 (3) ਅਧੀਨ ਲੋੜੀਂਦਾ ਹੈ ।

(3) **ਇੱਕ ਮੰਤਰੀ** ਸਾਲ 2024-25 ਲਈ ਪੰਜਾਬ ਜਲ ਨਿਯੰਤਰਨ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ, ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਜਲ ਸਰੋਤ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020 ਦੀ ਧਾਰਾ 37 ਅਧੀਨ ਲੋੜੀਂਦਾ ਹੈ।

(4) **ਇੱਕ ਮੰਤਰੀ** ਸਾਲ 2023-24 ਲਈ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 41ਵੀਂ ਸਾਲਾਨਾ ਰਿਪੋਰਟ, ਸਦਨ ਦੀ ਮੇਜ਼ ਤੇ ਰੱਖਣਗੇ ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 (1) (ਅ) ਅਧੀਨ ਲੋੜੀਂਦਾ ਹੈ।

4. <u>ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੈਂਬਲੀ) ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਕੁਝ ਨਿਯਮਾਂ ਨੂੰ ਮੁਅੱਤਲ ਕਰਨ ਸੰਬੰਧੀ ਪ੍ਰਸਤਾਵਃ -</u>

(1) **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿਃ -

"ਇਹ ਸਦਨ ਸੰਕਲਪ ਕਰਦਾ ਹੈ ਕਿ 16ਵੀਂ ਪੰਜਾਬ ਵਿਧਾਨ ਸਭਾ (ਪੰਜਾਬ ਲੈਜਿਸਲੇਟਿਵ ਅਸੈਂਬਲੀ), ਜਿਸ ਨੂੰ ਇਸ ਦੇ 12ਵੇਂ ਸਮਾਗਮ ਦੌਰਾਨ ਕੁੱਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਮੁੜ ਇਕੱਤਰ ਹੋਣ ਲਈ ਬੁਲਾਇਆ ਗਿਆ ਹੈ, ਦੀ ਇਸ ਵਿਸ਼ੇਸ਼ ਬੈਠਕ ਦੌਰਾਨ ਕੇਵਲ ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ, ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਾਰੇ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

5. <u>ਵਿਧਾਨਕ ਕੰਮ ਕਾਰ</u>

(1) ਇੱਕ ਮੰਤਰੀ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026, ਪੇਸ਼ ਕਰਨਗੇ ।

ਪ੍ਰਸਤਾਵ ਕਰਨਗੇ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧਨਾ) ਬਿਲ, 2026, ਤੇ ਤੁਰਤ ਵਿਚਾਰ ਕੀਤਾ ਜਾਵੇ ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਪੰਜਾਬ ਵਿਧਾਨ ਸਭਾ**
**ਚੰਡੀਗੜ੍ਹ -160001**
**ਮਿਤੀ:12 ਅਪ੍ਰੈਲ 2026 ਐਤਵਾਰ**

**ਰਾਮ ਲੋਕ ਖਟਾਣਾ**
**ਸਕੱਤਰ**
**ਪੰਜਾਬ ਵਿਧਾਨ ਸਭਾ**